# Virtual Meeting between EAM and Finance Minister of Sri Lanka H.E. Basil Rajapaksa

January 15, 2022

...............................

# ਵਿਦੇਸ਼ ਮੰਤਰੀ ਅਤੇ ਸ਼੍ਰੀਲੰਕਾ ਦੇ ਵਿੱਤ ਮੰਤਰੀ ਮਹਾਮਹਿਮ ਬੇਸਿਲ ਰਾਜਪਕਸ਼ੇ ਦਰਮਿਆਨ ਵਰਚੁਅਲ ਮੀਟਿੰਗ

15 ਜਨਵਰੀ, 2022

ਵਦਿੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਸ਼੍ਰੀਲੰਕਾ ਦੇ ਵਤਿੱ ਮੰਤਰੀ ਮਹਾਮਹਮਿ ਬੇਸਲਿ ਰਾਜਪਕਸ਼ੇ ਨਾਲ 15 ਜਨਵਰੀ, 2022 ਨੂੰ ਵਰਚੁਅਲ ਮੀਟਗਿ ਕੀਤੀ।। ਇਹ ਗੱਲਬਾਤ ਸ਼੍ਰੀ ਰਾਜਪਕਸ਼ੇ ਦੀ ਪਛਿਲੇ ਮਹੀਨੇ ਹੋਈ ਭਾਰਤ ਯਾਤਰਾ ਤੋਂ ਬਾਅਦ ਹੋਈ।

2. ਵਦਿੇਸ਼ ਮੰਤਰੀ ਨੇ ਸ਼੍ਰੀਲੰਕਾ ਦੇ ਵਤਿੱ ਮੰਤਰੀ, ਸਰਕਾਰ ਅਤੇ ਸ਼੍ਰੀਲੰਕਾਈ ਲੋਕਾਂ ਨੂੰ ਆਪਣੀ ਤਰਫੋਂ, ਸਰਕਾਰ ਅਤੇ ਭਾਰਤੀ ਲੋਕਾਂ ਵੱਲੋਂ ਸਾਲ 2022 ਅਤੇ ਭਾਰਤ ਅਤੇ ਸ਼੍ਰੀਲੰਕਾ ਵਚਿ ਮਨਾਏ ਜਾਂਦੇ ਪੋਂਗਲ ਦੇ ਤਉਿਹਾਰ ਦੇ ਮੌਕੇ 'ਤੇ ਸ਼ੁਭਕਾਮਨਾਵਾਂ ਦਤਿੀਆਂ।

3. ਡਾ. ਜੈਸ਼ੰਕਰ ਨੇ ਕਹਿਾ ਕ ਿਭਾਰਤ ਹਮੇਸ਼ਾ ਸ਼੍ਰੀਲੰਕਾ ਨਾਲ ਇੱਕਮਕਿ ਖੜ੍ਹਾ ਰਹਿਾ ਹੈ ਅਤੇ ਕੋਵਡਿ-19 ਮਹਾਮਾਰੀ ਤੋਂ ਪੈਦਾ ਹੋਈਆਂ ਆਰਥਕਿ ਅਤੇ ਹੋਰਨਾਂ ਚੁਣੌਤੀਆਂ 'ਤੇ ਕਾਬੂ ਪਾਉਣ ਲਈ ਹਰ ਸੰਭਵ ਤਰੀਕਆਿਂ ਰਾਹੀ ਸ਼੍ਰੀਲੰਕਾ ਨੂੰ ਮਦਦ ਦਦਿਾ ਰਹੇਗਾ। ਆਪਸੀ ਤੌਰ 'ਤੇ ਕਰੀਬੀ ਮਤਿਰ ਅਤੇ ਸਮੁੰਦਰੀ ਗੁਆਂਢੀ ਹੋਣ ਦੇ ਨਾਤੇ ਭਾਰਤ ਅਤੇ ਸ਼੍ਰੀਲੰਕਾ, ਦੋਨਾਂ ਨੂੰ ਨੇੜਲੇ ਆਰਥਕਿ ਸਬੰਧਾਂ ਨਾਲ ਲਾਭ ਹੋਵੇਗਾ।

4. ਦੋਵੇਂ ਮੰਤਰੀਆਂ ਨੇ ਇਸ ਗੱਲ ਤੇ ਖੁਸ਼ੀ ਪ੍ਰਗਟਾਈ ਕ ਿਸਾਰਕ ਮੁਦਰਾ ਅਦਲਾ-ਬਦਲੀ ਵਵਿਸਥਾ ਤਹਤਿ ਸ਼੍ਰੀ ਲੰਕਾ ਨੂੰ 40 ਕਰੋੜ ਅਮਰੀਕੀ ਡਾਲਰ ਦਾ ਕਰਜ਼ਾ ਦਤਿਾ ਗਆਿ ਹੈ ਅਤੇ ਏ.ਸੀ.ਯੂ. ਦੇ ਤਹਤਿ 51. 52 ਕਰੋੜ ਅਮਰੀਕੀ ਡਾਲਰ ਦਾ ਭੁਗਤਾਨ ਦੋ ਮਹੀਨਆਿਂ ਤੱਕ ਰੋਕ ਦਤਿਾ ਗਆਿ ਹੈ, ਜਸਿ ਨਾਲ ਸ਼੍ਰੀਲੰਕਾ ਨੂੰ ਮਦਦ ਮਲਿੇਗੀ।

5. ਦੋਵਾਂ ਮੰਤਰੀਆਂ ਨੇ ਭੋਜਨ, ਜ਼ਰੂਰੀ ਵਸਤੂਆਂ ਅਤੇ ਦਵਾਈਆਂ ਦੀ ਦਰਾਮਦ ਲਈ 1 ਅਰਬ ਡਾਲਰ ਦੀ ਭਾਰਤੀ ਕਰਜ਼ਾ ਸਹੂਲਤ ਅਤੇ ਭਾਰਤ ਤੋਂ ਈਂਧਨ ਆਯਾਤ ਕਰਨ ਲਈ 50 ਕਰੋੜ ਅਮਰੀਕੀ ਡਾਲਰ ਦੀ ਰਕਮ ਦੇ ਮਾਮਲੇ ਚ ਹੋਈ ਤਰੱਕੀ ਦੀ ਸਮੀਖਆਿ ਕੀਤੀ।

6. ਸ਼੍ਰੀ ਰਾਜਪਕਸ਼ੇ ਨੇ ਸ਼੍ਰੀਲੰਕਾ ਨਾਲ ਭਾਰਤ ਦੇ ਲੰਬੇ ਸਮੇਂ ਤੋਂ ਚੱਲ ਰਹੇ ਸਹਯਿੋਗ ਨੂੰ ਚੇਤੇ ਕੀਤਾ ਅਤੇ ਭਾਰਤੀ ਮਦਦ ਦੀ ਡੂੰਘੀ ਸ਼ਲਾਘਾ ਕੀਤੀ। ਉਨ੍ਹਾਂ ਨੇ ਬੰਦਰਗਾਹਾਂ, ਬੁਨਆਿਦੀ ਢਾਂਚੇ, ਊਰਜਾ, ਨਵਆਿਉਣਯੋਗ ਊਰਜਾ, ਬਜਿਲੀ ਅਤੇ ਨਰਿਮਾਣ ਸਮੇਤ ਕਈ ਮਹੱਤਵਪੂਰਨ ਖੇਤਰਾਂ ਵਚਿ ਸ਼੍ਰੀਲੰਕਾ ਵਚਿ ਹੋਏ ਭਾਰਤੀ ਨਵਿੇਸ਼ ਦਾ ਸੁਆਗਤ ਕੀਤਾ ਅਤੇ ਭਰੋਸਾ ਦਵਿਾਇਆ ਕ ਿਅਜਹਿ ਿਨਵਿੇਸ਼ ਨੂੰ ਉਤਸ਼ਾਹਤਿ ਕਰਨ ਲਈ ਅਨੁਕੂਲ ਮਾਹੌਲ ਮੁਹੱਈਆ ਕਰਵਾਇਆ ਜਾਵੇਗਾ। ਇਸ ਸੰਦਰਭ ਵਚਿ ਦੋਵਾਂ ਮੰਤਰੀਆਂ ਨੇ ਕਹਿਾ ਕ ਿਤ੍ਰਿੰਕੋਮਾਲੀ ਆਇਲ ਟੈਂਕ ਫਾਰਮਾਂ ਨੂੰ ਸਾਂਝੇ ਤੌਰ 'ਤੇ ਆਧੁਨਕਿ ਬਣਾਉਣ ਲਈ ਸ਼੍ਰੀਲੰਕਾ ਸਰਕਾਰ ਦੁਆਰਾ ਚੁੱਕੇ ਗਏ ਹਾਲੀਆ ਕਦਮਾਂ ਨਾਲ ਊਰਜਾ ਸੁਰੱਖਆਿ ਨੂੰ ਵਧਾਉਣ ਤੋਂ ਛੁੱਟ ਨਵਿੇਸ਼ਕਾਂ ਦਾ ਭਰੋਸਾ ਵਧਾਉਣ ਵਚਿ ਵੀ ਮਦਦ ਮਲਿੇਗੀ।

7. ਵਦਿੇਸ਼ ਮੰਤਰੀ ਨੇ ਸ੍ਰੀਲੰਕਾ ਵਿੱਚ ਨਜ਼ਰਬੰਦ ਭਾਰਤੀ ਮਛੇਰਿਆਂ ਦਾ ਮੁੱਦਾ ਚੁੱਕਿਆ। ਉਨ੍ਹਾਂ ਨੇ ਸ੍ਰੀਲੰਕਾ ਸਰਕਾਰ ਨੂੰ ਇਹ ਅਪੀਲ ਕੀਤੀ ਕਿ ਉਹ ਮਨੁੱਖੀ ਹਿੱਤਾਂ ਦੇ ਮੱਦੇਨਜ਼ਰ ਨਜ਼ਰਬੰਦ ਮਛੇਰਿਆਂ ਦੀ ਛੇਤੀ ਰਿਹਾਈ ਯਕੀਨੀ ਬਣਾਏ।

8. ਦੋਵੇਂ ਮੰਤਰੀ ਆਪਸੀ ਤਰੱਕੀ ਅਤੇ ਖੁਸ਼ਹਾਲੀ ਲਈ ਲੰਬੀ ਮਿਆਦ ਵਾਲੀ ਆਰਥਕਿ ਭਾਈਵਾਲੀ ਦੀ ਦਸ਼ਿਾ ਵਿੱਚ ਦੁਵੱਲੇ ਲਾਭਕਾਰੀ ਆਰਥਕਿ ਸਹਯਿੋਗ ਨੂੰ ਸੇਧ ਦੇਣ ਲਈ ਨੇੜਲੇ  ਸੰਪਰਕ ਵਿੱਚ ਰਹਣਿ ਉੱਤੇ ਸਹਮਿਤ ਹੋਏ।

ਨਵੀ ਦਿੱਲੀ
15 ਜਨਵਰੀ 2022

DISCLAIMER: This is an approximate translation. The original is available in English on MEA’s website and may be referred to as the official press release.